# ਨਸਲੀ ਸਮਾਨਤਾ ਦੇ ਵਧਾਵੇ ਲਈ ਮੌਜੂਦਾ ਅਤੇ ਯੋਜਨਾਬੱਧ ਉਪਾਅ

## ਸੰਵਿਧਾਨਕ ਅਤੇ ਮੁੱਖਭੂਮੀ ਮਾਮਲਿਆਂ ਦਾ ਵਿਭਾਗ

ਸੰਵਿਧਾਨਕ ਅਤੇ ਮੁੱਖਭੂਮੀ ਮਾਮਲਿਆਂ ਦੇ ਵਿਭਾਗ ਦਾ ਕੰਮ ਸੰਵਿਧਾਨਕ ਅਤੇ ਮੁੱਖਭੂਮੀ ਮਾਮਲਿਆਂ ਦੇ ਵਿਭਾਗ (CMAB) ਦੇ ਕੰਮ ਨੂੰ ਤਿੰਨ ਖੇਤਰਾਂ ਵਿੱਚ ਵੰਡਿਆ ਜਾ ਸਕਦਾ ਹੈ, ਅਰਥਾਤ: (a) ਮੁੱਖਭੂਮੀ ਦੇ ਨਾਲ ਨਜ਼ਦੀਕੀ ਸਬੰਧਾਂ ਦਾ ਤਾਲਮੇਲ ਬਨਾਉਣਾ ਅਤੇ ਉਨ੍ਹਾਂ ਨੂੰ ਉਤਸ਼ਾਹਿਤ ਕਰਨਾ; (b) ਸੰਵਿਧਾਨਕ ਅਤੇ ਚੋਣ ਮਾਮਲਿਆਂ ਨਾਲ ਨਜਿੱਠਣਾ ਅਤੇ ਚੋਣ ਮਾਮਲੇ ਆਯੋਗ ਦੇ ਨਾਲ ਨਜ਼ਦੀਕੀ ਤਾਲਮੇਲ ਕਾਇਮ ਰੱਖਣਾ, ਇਹ ਯਕੀਨੀ ਬਣਾਉਣ ਲਈ ਕਿ ਜਨਤਕ ਚੋਣਾਂ ਨਿਰਪੱਖ, ਖੁੱਲ੍ਹੇ ਅਤੇ ਇਮਾਨਦਾਰ ਤਰੀਕੇ ਨਾਲ ਕਰਵਾਈਆਂ ਜਾਣ; ਅਤੇ (c) ਭੇਦਭਾਵ ਦੇ ਖਾਤਮੇ, ਬਰਾਬਰ ਮੌਕੇ ਅਤੇ ਨਿੱਜਤਾ ਦੀ ਸੁਰੱਖਿਆ ਨੂੰ ਉਤਸ਼ਾਹਿਤ ਕਰਨਾ।

ਸਾਡੀਆਂ ਸੇਵਾਵਾਂ ਪ੍ਰਦਾਨ ਕਰਨ ਵਿੱਚ, ਅਸੀਂ ਨਸਲੀ ਪਿਛੋਕੜ ਦੀ ਪਰਵਾਹ ਕੀਤੇ ਬਿਨਾਂ, ਜਨਤਾ ਦੇ ਸਾਰੇ ਮੈਂਬਰਾਂ ਦੀ, ਸਬੰਧਿਤ ਸੇਵਾ ਤੱਕ ਬਰਾਬਰ ਪਹੁੰਚ ਨੂੰ ਬਹੁਤ ਮਹੱਤਵ ਦਿੰਦੇ ਹਾਂ। ਨਸਲੀ ਵਿਤਕਰੇ ਨੂੰ ਖਤਮ ਕਰਨ ਅਤੇ ਵੱਖ-ਵੱਖ ਨਸਲਾਂ ਦੇ ਲੋਕਾਂ ਲਈ ਬਰਾਬਰ ਮੌਕੇ ਪ੍ਰਦਾਨ ਕਰਨ ਲਈ ਚੁੱਕੇ ਗਏ ਉਪਾਅ ਹੇਠਾਂ ਦਿੱਤੇ ਗਏ ਹਨ।

ਸਬੰਧਿਤ ਸੇਵਾਵਾਂ

- ਸਰਕਾਰ ਵੱਖ-ਵੱਖ ਨਸਲਾਂ ਦੇ ਲੋਕਾਂ ਨੂੰ ਬਰਾਬਰ ਦੇ ਮੌਕੇ ਪ੍ਰਦਾਨ ਕਰਨ ਦੀ ਕੋਸ਼ਿਸ਼ ਕਰਦੀ ਹੈ ਅਤੇ ਸੰਬੰਧਿਤ ਕਾਨੂੰਨ ਅਤੇ ਸਹਾਇਤਾ ਸੇਵਾਵਾਂ ਨੂੰ ਮਜ਼ਬੂਤ ਕਰਕੇ ਭਾਈਚਾਰੇ ਵਿੱਚ ਉਹਨਾਂ ਦੇ ਏਕੀਕਰਨ ਦੀ ਸਹੂਲਤ ਦਿੰਦੀ ਹੈ। ਵਿਧਾਨਕ ਪੱਖ ਤੋਂ, ਨਸਲੀ ਭੇਦਭਾਵ ਅਧਿਆਦੇਸ਼ (Cap.602)(RDO) ਨੂੰ 2009 ਵਿੱਚ ਪੂਰੀ ਤਰ੍ਹਾਂ ਲਾਗੂ ਕੀਤਾ ਗਿਆ ਸੀ, ਅਤੇ ਬਰਾਬਰ ਅਵਸਰ ਆਯੋਗ (EOC) ਇਸ ਨੂੰ ਲਾਗੂ ਕਰਨ ਲਈ ਜ਼ਿੰਮੇਵਾਰ ਹੈ।

- ਪ੍ਰਸ਼ਾਸਕੀ ਤੌਰ 'ਤੇ, CMAB ਨੇ ਨਸਲੀ ਸਮਾਨਤਾ ਨੂੰ ਉਤਸ਼ਾਹਿਤ ਕਰਨ ਲਈ ਸੰਸ਼ੋਧਿਤ ਪ੍ਰਸ਼ਾਸਕੀ ਦਿਸ਼ਾ-ਨਿਰਦੇਸ਼ਾਂ ("ਦਿਸ਼ਾ-ਨਿਰਦੇਸ਼") ਨੂੰ ਜਾਰੀ ਕੀਤਾ ਹੈ ਜੋ ਅਪ੍ਰੈਲ 2020 ਤੋਂ ਸਾਰੇ ਸਰਕਾਰੀ ਵਿਭਾਗਾਂ ਅਤੇ ਮਹਿਕਮਿਆਂ ਅਤੇ ਸਬੰਧਿਤ ਸੰਸਥਾਵਾਂ (ਜੋ ਸਮੂਹਿਕ ਤੌਰ 'ਤੇ "ਜਨਤਕ ਪਰਾਧਿਕਾਰੀ" ਵਜੋਂ ਜਾਣੀਆ ਜਾਂਦੀਆਂ ਹਨ) ਉੱਤੇ ਲਾਗੂ ਕੀਤਾ ਜਾਵੇਗਾ। ਦਿਸ਼ਾ-ਨਿਰਦੇਸ਼ਾਂ ਦਾ ਉਦੇਸ਼ ਜਨਤਕ ਅਥਾਰਟੀਆਂ ਵਿੱਚ ਨਸਲੀ ਵਿਭਿੰਨਤਾ ਅਤੇ ਸਮਾਵੇਸ਼ ਦੀ ਲੋੜ, ਨਾਲ ਹੀ

ਸਬੰਧਿਤ ਨੀਤੀਆਂ ਅਤੇ ਉਪਾਵਾਂ ਨੂੰ ਬਣਾਉਣ, ਲਾਗੂ ਕਰਨ ਅਤੇ ਸੰਸ਼ੋਧਿਤ ਕਰਨ ਬਾਰੇ ਜਾਗਰੁਕਤਾ ਪੈਦਾ ਕਰਨਾ ਹੈ, ਅਤੇ ਇਹਨਾਂ ਨੀਤੀ ਉਦੇਸ਼ਾਂ ਨੂੰ ਪੂਰਾ ਕਰਨ ਵਿੱਚ ਉਹਨਾਂ ਦੀ ਮਦਦ ਕਰਨਾ ਹੈ। ਦਿਸ਼ਾ-ਨਿਰਦੇਸ਼ ਜਨਤਕ ਅਥਾਰਟੀਆਂ ਨੂੰ ਇਹ ਯਕੀਨੀ ਬਣਾਉਣ ਲਈ ਸਲਾਹ ਵੀ ਪ੍ਰਦਾਨ ਕਰਦੇ ਹਨ ਕਿ ਹਾਂਗ ਕਾਂਗ ਦੇ ਲੋਕ, ਜਾਤੀ ਦੀ ਪਰਵਾਹ ਕੀਤੇ ਬਿਨਾਂ, ਜਨਤਕ ਸੇਵਾਵਾਂ ਦੀ ਵਰਤੋਂ ਕਰ ਸਕਣ।

- ਦਿਸ਼ਾ-ਨਿਰਦੇਸ਼ਾਂ ਦੇ ਤਹਿਤ, ਜਨਤਕ ਅਥਾਰਟੀਆਂ ਨੇ ਨਸਲੀ ਤੌਰ 'ਤੇ ਵਿਭਿੰਨ ਲੋਕਾਂ ਨੂੰ ਉਹਨਾਂ ਉਪਾਵਾਂ ਅਤੇ ਪ੍ਰਬੰਧਾਂ ਦੀ ਉਪਲੱਬਧਤਾ ਨੂੰ ਸਮਝਣ ਦੇ ਯੋਗ ਬਣਾਉਣ ਲਈ ਉਪਾਵਾਂ ਦੀ ਜਾਂਚ ਸੂਚੀ ਸਥਾਪਤ ਕੀਤੀ ਹੈ ਜੋ ਸੰਬੰਧਿਤ ਜਨਤਕ ਸੇਵਾਵਾਂ ਤੱਕ ਉਹਨਾਂ ਦੀ ਬਰਾਬਰ ਪਹੁੰਚ ਦੀ ਸਹੂਲਤ ਦਿੰਦੇ ਹਨ।

- CMAB ਨਸਲੀ ਸਮਾਨਤਾ ਨੂੰ ਮਜ਼ਬੂਤ ਕਰਨ ਵਿੱਚ ਸਮਾਨ ਅਵਸਰ ਆਯੋਗ (EOC) ਦੇ ਕੰਮ ਦਾ ਸਮਰਥਨ ਕਰਦਾ ਹੈ। ਮਾਰਚ 2022 ਵਿੱਚ, CMAB ਨੇ 2022 ਤੋਂ 2024 ਤੱਕ, ਨਸਲੀ ਘੱਟ-ਗਿਣਤੀਆਂ ਲਈ ਬਰਾਬਰ ਦੇ ਮੌਕਿਆਂ ਦੇ ਪ੍ਰਚਾਰ ਦੀ ਸਹੂਲਤ ਲਈ EOC ਨੂੰ $4 ਮਿਲੀਅਨ ਦੀ ਵਾਧੂ ਇਮਦਾਦ ਦਿੱਤੀ। ਵਿਤ ਪੋਸ਼ਿਤ ਕਾਰਜਾਂ ਵਿੱਚ ਨਸਲੀ ਵਿਭਿੰਨਤਾ ਅਤੇ ਸ਼ਮੂਲੀਅਤ ਚਾਰਟਰ, ਗਾਹਕ ਸੇਵਾ ਨੂੰ ਵਧੇਰੇ ਨਸਲੀ ਦੋਸਤਾਨਾ ਬਣਾਉਣ ਲਈ ਅਭਿਆਸ, ਭਰਤੀ ਅਤੇ ਹੋਰ ਪਰਚਾਰ ਮੁੱਹਿੰਮਾਂ ਵਿੱਚ ਨਸਲੀ ਸਮਾਨਤਾ ਆਦਿ ਸ਼ਾਮਿਲ ਹਨ।

- 1 ਜੁਲਾਈ, 2022 ਤੋਂ ਪ੍ਰਭਾਵੀ, CMAB ਨਸਲੀ ਘੱਟ ਗਿਣਤੀ ਮਾਮਲਿਆਂ ਦੀ ਸੰਚਾਲਨ ਕਮੇਟੀ ਨੂੰ ਸਕੱਤਰੇਤ ਸੇਵਾਵਾਂ ਪ੍ਰਦਾਨ ਕਰਦਾ ਹੈ, ਜੋ ਕਿ ਪ੍ਰਸ਼ਾਸਨਿਕ ਮੁੱਖ ਸਕੱਤਰ ਦੀ ਪ੍ਰਧਾਨਗੀ ਹੇਠ, ਨਸਲੀ ਘੱਟ ਗਿਣਤੀ ਮਾਮਲਿਆਂ ਵਿੱਚ ਅੰਤਰ-ਵਿਭਾਗੀ/ਅੰਤਰ-ਮਹਿਕਮਾਂ ਯਤਨਾਂ ਦੇ ਤਾਲਮੇਲ ਲਈ ਜ਼ਿੰਮੇਵਾਰ ਹੈ।

ਮੌਜੂਦਾ ਉਪਾਅ

8 ਹੋਰ ਭਾਸ਼ਾਵਾਂ ਵਿੱਚ ਪ੍ਰਕਾਸ਼ਨ

- ਮੁੱਖ ਪ੍ਰਕਾਸ਼ਨ ਜੋ ਨਸਲੀ ਤੌਰ 'ਤੇ ਵਿਭਿੰਨ ਲੋਕਾਂ ਲਈ ਢੁਕਵੇਂ ਹਨ, ਜਿਵੇਂ ਕਿ ਦਿਸ਼ਾ ਨਿਰਦੇਸ਼ ਸਾਰੇ ਜਨਤਕ ਅਦਾਰਿਆਂ ਦੁਆਰਾ ਕੀਤੇ ਗਏ ਉਪਾਵਾਂ ਦੀ ਸੂਚੀ, ਅਤੇ CMAB ਦੁਆਰਾ ਆਯੋਜਿਤ ਵਿਆਖਿਆ ਅਤੇ ਅਨੁਵਾਦ ਸੇਵਾਵਾਂ ਦੇ ਸਾਲਾਨਾ ਅੰਕੜੇ, CMAB ਦੀ ਵੈੱਬਸਾਈਟ ਤੇ ਉੱਪਲਬਧ ਹਨ, ਅਤੇ ਚੀਨੀ, ਅੰਗਰੇਜ਼ੀ ਅਤੇ 8 ਹੋਰ ਭਾਸ਼ਾਵਾਂ ਵਿੱਚ ਉੱਪਲਬਧ ਹਨ।[1]

- ਅਸੀਂ ਵੱਖ-ਵੱਖ ਮਨੁੱਖੀ ਅਧਿਕਾਰਾਂ ਦੀਆਂ ਰਿਪੋਰਟਾਂ ਲਈ ਸਲਾਹ-ਮਸ਼ਵਰੇ ਦੀ ਪ੍ਰਕਿਰਿਆ ਵਿੱਚ ਨਸਲੀ ਤੌਰ 'ਤੇ ਵਿਭਿੰਨ ਲੋਕਾਂ ਦੇ ਵਿਚਾਰਾਂ ਦੀ ਕਦਰ ਕਰਦੇ ਹਾਂ। ਸਲਾਹ-ਮਸ਼ਵਰੇ ਦੇ ਦਸਤਾਵੇਜ਼ਾਂ ਦੇ ਨਾਲ-ਨਾਲ ਸੰਬੰਧਿਤ ਪ੍ਰੈਸ ਰਿਲੀਜ਼ਾਂ ਦਾ ਹੋਰ ਭਾਸ਼ਾਵਾਂ ਵਿੱਚ ਅਨੁਵਾਦ ਕੀਤਾ ਗਿਆ ਹੈ ਜੋ ਆਮ ਤੌਰ 'ਤੇ ਹਾਂਗਕਾਂਗ ਦੇ ਵਸਨੀਕਾਂ ਦੁਆਰਾ ਵਰਤੀਆਂ ਜਾਂਦੀਆਂ ਹਨ, ਜੋ ਸਿਰਫ਼ ਕੁੱਝ ਹੱਦ ਤੱਕ ਹੀ ਚੀਨੀ ਅਤੇ ਅੰਗਰੇਜ਼ੀ ਭਾਸ਼ਾ ਵਿੱਚ ਪੜ-ਬੋਲ ਸਕਦੇ ਹਨ। ਅਸੀਂ ਲੋੜ ਅਨੁਸਾਰ ਸੰਬੰਧਿਤ ਦਸਤਾਵੇਜ਼ਾਂ ਦੇ ਅਨੁਵਾਦ ਦਾ ਪ੍ਰਬੰਧ ਕਰਨਾ ਜਾਰੀ ਰੱਖਾਂਗੇ।

<u>ਭਾਸ਼ਾ ਸੇਵਾ</u>

- ਜਨਤਾ ਦੇ ਸਦੱਸ, ਨਸਲੀ ਪਿਛੋਕੜ ਦੀ ਪਰਵਾਹ ਕੀਤੇ ਬਿਨਾਂ, ਈਮੇਲ, ਫੈਕਸ, ਮੇਲ ਅਤੇ ਟੈਲੀਫੋਨ ਰਾਹੀਂ CMAB ਦੇ ਕੰਮ ਬਾਰੇ ਜਾਣਕਾਰੀ ਲਈ ਬੇਨਤੀ ਅਤੇ ਪੁੱਛਗਿੱਛ ਕਰ ਸਕਦੇ ਹਨ। ਲੋੜ ਪੈਣ 'ਤੇ CMAB ਸੇਵਾ ਉਪਭੋਗਤਾਵਾਂ ਲਈ ਉਚਿਤ ਵਿਆਖਿਆ/ਅਨੁਵਾਦ ਸੇਵਾਵਾਂ ਦਾ ਪ੍ਰਬੰਧ ਕਰੇਗਾ।

- ਸੇਵਾ ਉਪਭੋਗਤਾਵਾਂ ਨੂੰ ਭਾਸ਼ਾ ਸੇਵਾਵਾਂ ਪ੍ਰਦਾਨ ਕਰਨ ਲਈ ਨਿਯਮਾਵਲੀ ਅਤੇ ਵਿਵਰਣ ਅਮਲੇ, ਖਾਸ ਤੌਰ 'ਤੇ ਫਰੰਟ-ਲਾਈਨ ਅਮਲੇ ਨੂੰ ਦਿੱਤੀ ਜਾਂਦੀ ਹੈ, ਤਾਂ ਜੋ

---

1 ਦਿਸ਼ਾ-ਨਿਰਦੇਸ਼ਾਂ, ਉਪਾਵਾਂ ਦੀਆਂ ਸੂਚੀਆਂ ਦਾ ਸੰਗ੍ਰਹਿ, ਅਤੇ ਵਿਆਖਿਆ ਅਤੇ ਅਨੁਵਾਦ ਸੇਵਾਵਾਂ ਦੇ ਸਾਲਾਨਾ ਅੰਕੜਿਆਂ ਦੇ ਲਿੰਕ ਕ੍ਰਮਵਾਰ ਇਸ ਤਰ੍ਹਾਂ ਹਨ:
https://www.cmab.gov.hk/en/issues/equal_admin_guideline.htm
https://www.cmab.gov.hk/en/issues/equal_agpre.htm
https://www.cmab.gov.hk/en/other_information/racial_equality.htm
ਉਪਰੋਕਤ ਦਸਤਾਵੇਜ਼ ਚੀਨੀ, ਅੰਗਰੇਜ਼ੀ ਅਤੇ 8 ਭਾਸ਼ਾਵਾਂ ਬਹਾਸਾ ਇੰਡੋਨੇਸ਼ੀਆਈ, ਹਿੰਦੀ, ਨੇਪਾਲੀ, ਪੰਜਾਬੀ, ਤਾਗਾਲੋਗ, ਥਾਈ, ਅਤੇ ਉਰਦੂ ਅਤੇ ਵੀਅਤਨਾਮੀ ਵਿੱਚ ਉਪਲਬਧ ਹਨ।

ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹ ਨਸਲੀ ਸਮਾਨਤਾ ਨੂੰ ਉਤਸ਼ਾਹਿਤ ਕਰਨ ਲਈ ਭਾਸ਼ਾ ਸੇਵਾ ਨੀਤੀ ਅਤੇ ਨਿਰਧਾਰਤ ਕਾਰਜ ਪ੍ਰਕਿਰਿਆਵਾਂ ਦੇ ਗਿਆਨ ਤੋਂ ਜਾਣੂ ਹਨ।

- ਭਾਸ਼ਾ ਆਈਡੀ ਕਾਰਡ ਅਤੇ CHEER ਸੈਂਟਰ ਦੁਆਰਾ ਸੰਚਾਲਿਤ ਦੁਭਾਸ਼ੀਏ ਹੈਲਪਲਾਈਨਾਂ ਬਾਰੇ ਜਾਣਕਾਰੀ ਰਿਸੈਪਸ਼ਨ ਡੈਸਕਾਂ 'ਤੇ ਉਪਲਬਧ ਹੈ ਤਾਂ ਜੋ ਸਾਡੇ ਅਮਲੇ ਅਤੇ ਲੋੜਵੰਦ ਸੇਵਾ ਉਪਭੋਗਤਾਵਾਂ ਵਿਚਕਾਰ ਸੰਚਾਰ ਦੀ ਸਹੂਲਤ ਦਿੱਤੀ ਜਾ ਸਕੇ।

- ਡਾਟਾ ਇਕੱਠਾ ਕਰਨ ਤੋਂ ਇਲਾਵਾ, ਫਰੰਟ-ਲਾਈਨ ਅਮਲਾ, ਭਾਸ਼ਾ ਸੇਵਾ ਦੀ ਸੁਵਿਧਾ ਬਾਰੇ ਆਪਣੇ ਅਨੁਭਵ ਅਤੇ ਨਿਰੀਖਣ ਨੂੰ ਰਿਕਾਰਡ ਕਰੇਗਾ। ਇਸ ਮੰਤਵ ਲਈ, ਭਵਿੱਖ ਦੀਆਂ ਸਮੀਖਿਆਵਾਂ ਅਤੇ ਸੇਵਾਵਾਂ ਦੇ ਸੁਧਾਰ ਦੀ ਸਹੂਲਤ ਦੇ ਉਦੇਸ਼ ਲਈ ਇੱਕ ਪ੍ਰੋਫਾਰਮਾ ਤਿਆਰ ਕੀਤਾ ਗਿਆ ਹੈ।

<u>ਗੈਰ-ਨਸਲੀ ਚੀਨੀ ਵਿਦਿਆਰਥੀਆਂ ਲਈ ਇੰਟਰਨਸ਼ਿਪ ਪ੍ਰੋਗਰਾਮ ਵਿੱਚ ਭਾਗੀਦਾਰੀ।</u>

- CMAB ਨੇ ਗੈਰ-ਨਸਲੀ ਚੀਨੀ ਵਿਦਿਆਰਥੀਆਂ ਨੂੰ ਕੰਮ ਦਾ ਤਜਰਬਾ ਹਾਸਲ ਕਰਨ ਅਤੇ ਰੁਜ਼ਗਾਰ ਲਈ ਉਹਨਾਂ ਦੀ ਮੁਕਾਬਲੇਬਾਜ਼ੀ ਨੂੰ ਵਧਾਉਣ ਵਿੱਚ ਮਦਦ ਕਰਨ ਲਈ ਇੰਟਰਨਸ਼ਿਪ ਪ੍ਰੋਗਰਾਮ ਦੇ ਤਹਿਤ ਪਲੇਸਮੈਂਟ ਦੀ ਪੇਸ਼ਕਸ਼ ਕੀਤੀ ਹੈ। ਇਸ ਦੇ ਨਾਲ ਹੀ, ਇਹ ਕਾਰਜ CMAB ਦੇ ਅਮਲੇ ਦੇ ਸਦੱਸਾਂ ਨੂੰ ਕੰਮ ਵਾਲੀ ਥਾਂ 'ਤੇ ਨਸਲੀ ਵਿਭਿੰਨਤਾ ਅਤੇ ਸੱਭਿਆਚਾਰਕ ਅੰਤਰ ਦੀ ਕਦਰ ਕਰਨ ਦੇ ਯੋਗ ਬਣਾਏਗਾ।

| | |
|---|---|
| ਭਵਿੱਖ ਦੇ ਕੰਮ ਦਾ ਮੁਲਾਂਕਣ | CMAB ਵਿਭਿੰਨ ਨਸਲਾਂ ਦੇ ਲੋਕਾਂ ਨੂੰ ਦਿੱਤੀਆਂ ਜਾਂਦੀਆਂ ਆਪਣੀਆਂ ਸੇਵਾ ਸਹੂਲਤਾਂ ਦੀ ਨਿਯਮਤ ਸਮੀਖਿਆ ਕਰਦਾ ਹੈ। ਸੇਵਾ ਪ੍ਰਦਾਨ ਕਰਨ ਦੇ ਨਿਰੰਤਰ ਮੁਲਾਂਕਣ ਅਤੇ ਸੁਧਾਰ ਲਈ, ਵੱਖ-ਵੱਖ ਨਸਲਾਂ ਦੇ ਲੋਕਾਂ ਦੁਆਰਾ ਸੇਵਾਵਾਂ ਦੀ ਵਰਤੋਂ ਬਾਰੇ ਡੇਟਾ ਅਤੇ ਜਾਣਕਾਰੀ ਇਕੱਠੀ ਕੀਤੀ ਜਾਂਦੀ ਹੈ। ਸੇਵਾਵਾਂ ਨੂੰ ਬਿਹਤਰ ਬਣਾਉਣ ਲਈ ਸਾਡੇ ਅਮਲੇ ਅਤੇ ਸੇਵਾ ਉਪਭੋਗਤਾਵਾਂ ਤੋਂ ਫੀਡਬੈਕ ਅਤੇ ਸੁਝਾਅ ਵੀ ਇਕੱਤਰ ਕੀਤੇ |

|  |  |
|---|---|
|  | ਜਾਂਦੇ ਹਨ। |
| ਹੋਰ ਕੀਤੇ /ਕੀਤੇ ਜਾਣ ਵਾਲੇ ਉਪਾਅ | ਇਹ ਯਕੀਨੀ ਬਣਾਏਗਾ ਕਿ ਅਮਲੇ ਦੇ ਸਦੱਸ, ਖਾਸ ਤੌਰ 'ਤੇ ਫਰੰਟਲਾਈਨ ਅਮਲਾ ਅਤੇ ਨਵੇਂ ਭਰਤੀ ਹੋਏ, ਨਸਲੀ ਸਮਾਨਤਾ ਪ੍ਰਤੀ ਆਪਣੀ ਜਾਗਰੂਕਤਾ ਅਤੇ ਸੰਵੇਦਨਸ਼ੀਲਤਾ ਨੂੰ ਵਧਾਉਣ ਲਈ ਸਬੰਧਿਤ ਸਿਖਲਾਈ ਅਤੇ ਅਨੁਭਵ ਸਾਂਝਾ ਕਰਨ ਦੇ ਸੈਸ਼ਨਾਂ ਵਿੱਚ ਭਾਗ ਲੈਣ। |

ਨਸਲੀ ਸਮਾਨਤਾ ਨੂੰ ਉਤਸ਼ਾਹਿਤ ਕਰਨ ਲਈ ਮੌਜੂਦਾ ਅਤੇ ਯੋਜਨਾਬੱਧ ਉਪਾਵਾਂ ਬਾਰੇ ਪੁੱਛਗਿੱਛ ਲਈ, ਕਿਰਪਾ ਕਰਕੇ ਹੇਠਾਂ ਦਿੱਤੇ ਮਾਧਿਅਮਾਂ ਰਾਹੀਂ Charlotte WONG, EO (Adm) 3 ਨਾਲ ਸੰਪਰਕ ਕਰੋ -


|  |  |  |
|---|---|---|
| ਟੈਲੀਫੋਨ ਨੰਬਰ | : | 2810 2127 |
| ਫੈਕਸ ਨੰਬਰ | : | 2179 5284 |
| ਈ - ਮੇਲ | : | cmabenq@cmab.gov.hk |
| ਡਾਕ ਪਤਾ | : | 13/F, East Wing, Central Government Offices, 2 Tim Mei Avenue, Tamar, Hong Kong |


**ਸੰਵਿਧਾਨਕ ਅਤੇ ਮੁੱਖਭੂਮੀ ਮਾਮਲਿਆਂ ਦਾ ਵਿਭਾਗ**
**ਜਨਵਰੀ 2024**